# ਐਸ ਬੀ ਐਸ ਦੇ ਕੋਡ ਆਫ ਪ੍ਰੈਕਟਿਸ ਬਾਰੇ ਜਾਣਕਾਰੀ

ਐਸ ਬੀ ਐਸ ਇੱਕ ਸੁਤੰਤਰ ਕੌਮੀ ਜਨਤਕ ਟੈਲੀਵਿਜ਼ਨ, ਰੇਡੀਓ ਅਤੇ ਡਿਜੀਟਲ ਮੀਡੀਆ ਸੇਵਾ ਹੈ ਜਿਸਦੀ ਆਸਟ੍ਰੇਲੀਅਨ ਭਾਈਚਾਰੇ ਪ੍ਰਤੀ ਜ਼ਿੰਮੇਵਾਰੀ ਹੈ ਜੋ **ਸਾਡੇ ਚਾਰਟਰ ਵਿੱਚ** ਨਿਰਧਾਰਤ ਕੀਤੀ ਗਈ ਹੈ। ਸਾਨੂੰ ਆਸਟ੍ਰੇਲੀਅਨ ਸਰਕਾਰ ਅਤੇ ਵਪਾਰਕ ਮਾਲੀਆ ਜਿਵੇਂ ਕਿ ਇਸ਼ਤਿਹਾਰਬਾਜ਼ੀ ਤੋਂ ਫੰਡ ਮਿਲਦੇ ਹਨ।



ਆਪਣੇ ਨੈਟਵਰਕ ਜ਼ਰੀਏ ਅਸੀਂ ਵਿਲੱਖਣ ਆਸਟ੍ਰੇਲੀਅਨ ਕਹਾਣੀਆਂ, ਸਥਾਨਕ ਤੇ ਅੰਤਰਰਾਸ਼ਟਰੀ ਖ਼ਬਰਾਂ ਤੇ ਮੌਜੂਦਾ ਮਸਲੇ, ਖੇਡਾਂ, ਅੰਤਰਰਾਸ਼ਟਰੀ ਨਾਟਕ ਤੇ ਦਸਤਾਵੇਜ਼ੀ, ਭੋਜਨ, ਫਿਲਮ ਅਤੇ ਸਥਾਨਕ ਰੇਡੀਓ ਸੇਵਾਵਾਂ ਨੂੰ 60 ਤੋਂ ਵੀ ਵੱਧ ਭਾਸ਼ਾਵਾਂ ਵਿੱਚ ਸਾਂਝਾ ਕਰਦੇ ਹਾਂ। ਅਸੀਂ ਫਸਟ ਨੇਸ਼ਨਜ਼ ਦੀਆਂ ਕਹਾਣੀਆਂ ਜਾਨਣ ਦਾ ਵੀ ਘਰੇਲੂ ਜ਼ਰੀਆ ਹਾਂ ਅਤੇ ਸਾਡਾ ਨੈਸ਼ਨਲ ਇੰਡੀਜਿਨਸ ਟੈਲੀਵਿਜ਼ਨ (ਐਨ ਆਈ ਟੀ ਵੀ) ਮੂਲ-ਵਾਸੀਆਂ ਦੇ ਨਜ਼ਰੀਏ ਤੋਂ ਪ੍ਰੋਗਰਾਮ ਪੇਸ਼ ਕਰਦਾ ਹੈ।

ਸਾਡੀਆਂ ਪੇਸ਼ਕਾਰੀਆਂ ਭਾਈਚਾਰੇ ਦੀਆਂ ਉਮੀਦਾਂ ਉੱਤੇ ਖਰੀਆਂ ਉਤਰਨ, ਇਸ ਲਈ ਸਾਡੇ ਕੋਲ ਐਸ ਬੀ ਐਸ 'ਕੋਡ ਆਫ ਪ੍ਰੈਕਟਿਸ' ਹੈ ਜੋ ਐਸ ਬੀ ਐਸ ਸਮੱਗਰੀ ਲਈ ਨਿਯਮ ਅਤੇ ਮਾਪਦੰਡ ਨਿਰਧਾਰਤ ਕਰਦਾ ਹੈ, ਭਾਵੇਂ ਤੁਸੀਂ ਇਸ ਤੱਕ ਕਿਵੇਂ ਵੀ ਪਹੁੰਚ ਕਿਉਂ ਨਾ ਬਣਾਉਂਦੇ ਹੋਵੋ - ਟੈਲੀਵੀਜ਼ਨ, ਰੇਡੀਓ, ਆਨਲਾਈਨ, ਜਾਂ ਸੋਸ਼ਲ ਮੀਡੀਆ ਜ਼ਰੀਏ।

**'ਕੋਡ ਆਫ ਪ੍ਰੈਕਟਿਸ' ਇਹਨਾਂ ਮਹੱਤਵਪੂਰਨ ਮੁੱਦਿਆਂ ਨੂੰ ਸ਼ਾਮਿਲ ਕਰਦਾ ਹੈ।**

## ਭਰੋਸਾ

### ਅਸੀਂ ਭਰੋਸੇਯੋਗ ਅਤੇ ਢੁਕਵੀਂ ਸਮੱਗਰੀ ਕਿਵੇਂ ਪ੍ਰਦਾਨ ਕਰਦੇ ਹਾਂ

- ਅਸੀਂ ਆਪਣੀ ਸਮੱਗਰੀ ਬਾਰੇ ਸੁਤੰਤਰ ਫੈਸਲੇ ਲੈਂਦੇ ਹਾਂ
- ਸਾਡੀਆਂ ਖ਼ਬਰਾਂ ਅਤੇ ਚਲੰਤ ਮਾਮਲਿਆਂ ਦੀ ਸਮਗਰੀ ਸਹੀ, ਸੰਤੁਲਿਤ ਅਤੇ ਨਿਰਪੱਖ ਹੈ, ਅਤੇ ਜਨਤਕ ਹਿੱਤ ਵਿੱਚ ਹੈ।
- ਅਸੀਂ ਵਿਚਾਰਾਂ ਅਤੇ ਚਰਚਾ ਦੀ ਵਿਆਪਕ ਲੜੀ ਨੂੰ ਅਪਣਾਉਂਦੇ ਹਾਂ - ਸਾਡੀ ਸਮਗਰੀ ਵਿਲੱਖਣ ਅਤੇ ਚੁਣੌਤੀਪੂਰਨ ਹੋਣ ਦੇ ਨਾਲ-ਨਾਲ ਵਿਵਾਦਪੂਰਨ ਅਤੇ ਭੜਕਾਹਟ ਵਾਲ਼ੀ ਵੀ ਹੋ ਸਕਦੀ ਹੈ।

## ਪਾਰਦਰਸ਼ਤਾ

### ਅਸੀਂ ਤੁਹਾਡੇ ਲਈ ਸਮਗਰੀ ਦੀ ਚੋਣ ਵਿੱਚ ਕਿਵੇਂ ਸਹਾਇਤਾ ਕਰਦੇ ਹਾਂ

- ਅਸੀਂ ਜਾਣਕਾਰੀ ਪ੍ਰਦਾਨ ਕਰਦੇ ਹਾਂ ਤਾਂ ਜੋ ਤੁਸੀਂ ਉਹ ਸਮੱਗਰੀ ਚੁਣ ਸਕੋ ਜੋ ਤੁਹਾਡੇ ਲਈ, ਅਤੇ ਤੁਹਾਡੀ ਦੇਖਭਾਲ ਵਿਚਲੇ ਕਿਸੇ ਵੀ ਬੱਚੇ ਜਾਂ ਨੌਜਵਾਨ ਲਈ ਸਹੀ ਹੈ।
- ਅਸੀਂ ਇਹ ਨਿਸ਼ਚਿਤ ਬਣਾਉਂਦੇ ਹਾਂ ਕਿ ਵਿਗਿਆਪਨ ਸਾਡੀ ਸਮਗਰੀ ਤੋਂ ਵੱਖਰੇ ਹੋਣ ਅਤੇ ਕੁਝ ਮਸ਼ਹੂਰੀਆਂ ਲਈ ਅਸੀਂ ਨਿਯਮ ਵੀ ਨਿਰਧਾਰਤ ਕਰਦੇ ਹਾਂ।
- ਕਿਸੇ ਪ੍ਰੇਸ਼ਾਨ ਕਰਨ ਵਾਲੀ ਸਮੱਗਰੀ ਲਈ, ਅਸੀਂ ਸੰਭਾਵਿਤ ਲੋਕਾਂ ਦੀ ਸੰਵੇਦਨਸ਼ੀਲਤਾ ਦੀ ਕਦਰ ਕਰਦੇ ਹਾਂ, ਜਿਥੇ ਹੋ ਸਕੇ ਚੇਤਾਵਨੀ ਦਿੰਦੇ ਹਾਂ ਅਤੇ ਸਿਰਫ ਤਾਂ ਹੀ ਉਹ ਸਮੱਗਰੀ ਦਿਖਾਉਂਦੇ ਹਾਂ ਜੇ ਉਹ ਸੰਪਾਦਕੀ ਤੌਰ ਉੱਤੇ ਢੁਕਵੀਂ ਹੋਵੇ।

## ਸਤਿਕਾਰ

### ਅਸੀਂ ਸਤਿਕਾਰ ਕਿਵੇਂ ਕਰਦੇ ਹਾਂ ਅਤੇ ਇਸਨੂੰ ਕਿਵੇਂ ਉਤਸ਼ਾਹ ਦਿੰਦੇ ਹਾਂ

- ਅਸੀਂ ਅਜਿਹੀ ਸਮੱਗਰੀ ਤੋਂ ਪਰਹੇਜ਼ ਕਰਦੇ ਹਾਂ ਜੋ ਇੱਕ-ਪਾਸੜ ਅਤੇ ਪੱਖਪਾਤੀ ਹੋਵੇ ਅਤੇ ਇਸ ਵਿੱਚ ਪਰੰਪਰਾਵਾਦੀ ਰੂੜ੍ਹੀਵਾਦ ਦੀ ਨਾਜਾਇਜ਼ ਵਰਤੋਂ ਵੀ ਸ਼ਾਮਲ ਹੈ।
- ਅਸੀਂ ਅੰਗ੍ਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿਚ ਸਮੱਗਰੀ ਪ੍ਰਦਾਨ ਕਰਦੇ ਹਾਂ ਅਤੇ ਬਹੁਤ ਕਿਸਮ ਦੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਉਤਸ਼ਾਹਤ ਕਰਦੇ ਹਾਂ।
- ਅਸੀਂ ਆਦਿਵਾਸੀ ਮਸਲਿਆਂ ਦੀ ਪੇਸ਼ਕਾਰੀ ਪ੍ਰਤੀ ਸੰਵੇਦਨਸ਼ੀਲ ਹਾਂ ਅਤੇ ਆਦਿਵਾਸੀ ਅਤੇ ਟੋਰੇਸ ਸਟਰੇਟ ਆਈਲੈਂਡਰ ਦੇ ਲੋਕਾਂ ਦੇ ਸਭਿਆਚਾਰਕ ਢੰਗ-ਤਰੀਕਿਆਂ ਦਾ ਪਾਲਣ ਕਰਦੇ ਹਾਂ।
- ਅਸੀਂ ਲੋਕਾਂ ਦੀ ਪ੍ਰਾਈਵੇਸੀ ਧਿਆਨ ਵਿੱਚ ਰੱਖਦੇ ਹੋਏ ਆਪਣੀ ਰਿਪੋਰਟਿੰਗ ਦੀ ਜ਼ਿੰਮੇਵਾਰੀ ਦਾ ਸੰਤੁਲਨ ਬਣਾਕੇ ਚਲਦੇ ਹਾਂ।

## ਜਵਾਬਦੇਹੀ

### ਅਸੀਂ ਕਿਸ ਤਰ੍ਹਾਂ ਜਵਾਬਦੇਹ ਹਾਂ

- ਅਸੀਂ ਤੁਹਾਨੂੰ ਸਾਡੀ ਸਮਗਰੀ ਅਤੇ ਸੇਵਾਵਾਂ ਬਾਰੇ ਫੀਡਬੈਕ ਦੇਣ ਦੇ ਤਰੀਕੇ ਪ੍ਰਦਾਨ ਕਰਦੇ ਹਾਂ, ਚਾਹੇ ਉਹ ਪ੍ਰਸ਼ੰਸਾਯੋਗ ਹੋਣ ਜਾਂ ਨਿੰਦਣਯੋਗ।
- ਸਾਡੇ ਕੋਲ ਅਭਿਆਸ ਜ਼ਾਬਤਾ ਦੇ ਅਧੀਨ ਸ਼ਿਕਾਇਤਾਂ ਲਈ ਸੁਤੰਤਰ ਪ੍ਰਕਿਰਿਆ ਹੈ, ਜਿਸਦੀ ਜਾਂਚ ਐਸ ਬੀ ਐਸ ਲੋਕਪਾਲ ਦੁਆਰਾ ਕੀਤੀ ਜਾਂਦੀ ਹੈ।




SBS

**ਹੋਰ ਜਾਣਕਾਰੀ ਪ੍ਰਾਪਤ ਕਰੋ**

sbs.com.au/aboutus/sbs-code-of-practice